StudentBounty.com

नामांक Roll No.

| | | | | | | |
|---|---|---|---|---|---|---|
| | | | | | | |

No. of Questions — 9

No. of Printed Pages — 3

**SS—25–2—Punjabi Sah. II**

## उच्च माध्यमिक परीक्षा, 2011

## SENIOR SECONDARY EXAMINATION, 2011

## ( OPTIONAL GROUP I — HUMANITIES )

## PUNJABI SAHITYA – Second Paper

**Time : 3 $\frac{1}{4}$ Hours** **Maximum Marks : 60**

ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੇ ।
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਕ ਵਾਲ਼ੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਸਾਥ ਇੱਕ ਤਰਤੀਬ ਵਿੱਚ ਲਿਖੋ ।

StudentBounty.com



1. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲੇਖ ਲਿਖੋ :- 8
   (ੳ) ਅੱਖੀਂ ਡਿੱਠਾ ਮੇਲਾ
   (ਅ) ਵਧਦੀ ਆਬਾਦੀ ਦੀ ਸਮੱਸਿਆ
   (ੲ) ਦੇਸ਼ ਪਿਆਰ
   (ਸ) ਮੇਰਾ ਮਨ ਭਾਉਂਦਾ ਲੇਖਕ।
2. ਤੁਸੀਂ ਕੋਟਾ ਦੇ ਗੁਰੂ ਨਾਨਕ ਪਬਲਿਕ ਸਕੂਲ ਦੇ ਵਿਦਿਆਰਥੀ ਹੋ, ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਖੇਡਾਂ ਵਿੱਚ ਕੀਤੀਆਂ ਪ੍ਰਾਪਤੀਆਂ ਕਰਕੇ ਫ਼ੀਸ ਮੁਆਫ਼ ਕਰਨ ਲਈ ਬਿਨੈ-ਪੱਤਰ ਲਿਖੋ। 5

**ਜਾਂ**

ਆਪਣੇ ਮਿੱਤਰ ਨੂੰ ਚਾਚੇ ਦੀ ਲੜਕੀ ਦੇ ਵਿਆਹ ’ਤੇ ਆਉਣ ਲਈ ਸੱਦਾ ਪੱਤਰ ਲਿਖੋ।

3. (ੳ) ਹੇਠ ਲਿਖੇ ਪੈਰ੍ਹੇ ਨੂੰ ਧਿਆਨ ਨਾਲ਼ ਪੜ੍ਹ ਕੇ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਕੇ ਲਿਖੋ :- 2
   (ਅ) ਇਸ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਵੀ ਦਿਓ। 1

ਜਿਹੜੇ ਲੋਕੀਂ ਘਰੋਗੀ ਜੀਵਨ ਛੱਡ ਕੇ ਸਾਧ-ਸੰਤ ਬਣ ਕੇ ਧਰਮ ਕਮਾਉਣਾ ਚਾਹੁੰਦੇ ਹਨ, ਉਹਨਾਂ ਲਈ ਇਹ ਕੰਮ ਉਤਨਾ ਹੀ ਔਖਾ ਹੈ ਜਿਤਨਾ ਕਿ ਉਸ ਕਿਸਾਨ ਲਈ, ਜੋ ਜ਼ਿਮੀ ਛੱਡ ਕੇ ਹਵਾ ਵਿੱਚ ਬੀਜ਼ ਬੀਜਣਾ ਚਾਹੇ। ਵੱਡੇ-ਵੱਡੇ ਮਹਾਂਪੁਰਖ ਅਖਵਾਉਣ ਵਾਲ਼ੇ ਜੋ ਗ੍ਰਿਸਤ ਤੋਂ ਕੰਨੀਂ ਕਤਰਾਉਂਦੇ ਸਨ, ਧਾਰਮਿਕ ਜਾਂ ਇਖਲਾਕੀ ਔਕੜ ਪੈਣ ਤੇ ਝੱਟ ਡਿੱਗ ਜਾਂਦੇ ਸਨ। ਕਈ ਸਾਖੀਆਂ ਪ੍ਰਚੱਲਿਤ ਹਨ ਇਸ ਬਾਰੇ। ਕਈ ਤਾਂ ਇਸ ਡਰ ਤੋਂ ਕਿ ਕਿਧਰੇ ਮਾਇਆ ਵਿੱਚ ਨਾ ਫਸ ਜਾਈਏ, ਜੰਮਦਿਆਂ ਹੀ ਕਰਮੰਡਲ ਚੁੱਕ ਕੇ ਬਨਵਾਸ ਚਲੇ ਜਾਂਦੇ ਸਨ। ਅੰਤ ਇਹੋ ਜਿਹਿਆਂ ਨੂੰ ਵੀ ਠੀਕ ਰਸਤਾ ਲੱਭਦਾ ਸੀ ਤਾਂ ਗ੍ਰਿਸਤੀ ਰਾਜੇ ਜਨਕ ਵਰਗਿਆਂ ਤੋਂ। ਇਸੇ ਲਈ ਸਿੱਖ ਗੁਰੂਆਂ ਨੇ ਘਰੋਗੀ ਜੀਵਨ ਉੱਤੇ ਜ਼ੋਰ ਦਿੱਤਾ ਕਿਉਂਕਿ ਸਦਾਚਾਰ ਬਣਦਾ ਹੀ ਘਰੋਗੀ ਜੀਵਨ ਤੋਂ ਹੈ। ਧੀਆਂ, ਪੁੱਤਰਾਂ, ਇਸਤਰੀ, ਮਾਤਾ ਤੇ ਪਿਤਾ ਇਹ ਮਾਇਆ ਦੇ ਸੰਬੰਧ ਨਹੀਂ ਸਗੋਂ ਹਰੀ ਨੇ ਆਪ ਸਾਡੇ ਆਚਰਨ ਢਾਲਣ ਲਈ ਪਵਿੱਤਰ ਸਾਂਚੇ ਬਣਾਏ ਹਨ।

4. (ੳ) ਪੜਨਾਂਵ ਦੀ ਪਰਿਭਾਸ਼ਾ ਦਿੰਦੇ ਹੋਏ ਭੇਦਾਂ ਦਾ ਉਦਾਹਰਨਾਂ ਸਹਿਤ ਵਰਣਨ ਕਰੋ। 4
   (ਅ) ਕਿਰਿਆ ਦੀ ਪਰਿਭਾਸ਼ਾ ਸਮੇਤ ਉਸ ਦੇ ਭੇਦਾਂ ਦਾ ਵਰਣਨ ਕਰੋ। 3
5. ਹੇਠ ਲਿਖੇ ਵਾਕਾਂ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ। 4
   1. ਅਧਿਆਪਕ ਨੇ ਕਿਹਾ ਵਿਦਿਆਰਥੀ ਜੀਵਨ ’ਚ ਅਨੁਸ਼ਾਸਨ ਦੀ ਬਹੁਤ ਮਹੱਤਤਾ ਹੈ
   2. ਕਿਰਤ ਕਰੋ ਨਾਮ ਜਪੋ ਵੰਡ ਛਕੋ ਗੁਰਮਤਿ ਦਾ ਮੁੱਖ ਸਿਧਾਂਤ ਹੈ
   3. ਚਿੜੀ ਕਾਂ ਅਤੇ ਤੋਤਾ ਕੰਧ ਤੇ ਬੈਠੇ ਸਨ
   4. ਕਮਲ ਨੇ ਕਿਹਾ ਮੈਂ ਕੱਲ੍ਹ ਸਕੂਲ ਨਹੀਂ ਆਵਾਂਗਾ

StudentBounty.com



6. (ੳ) ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਤਿੰਨ ਦੇ ਅਰਥ ਦੱਸ ਕੇ ਵਾਕ ਬਣਾਓ :- 3
   (ੳ) ਉਸਤਾਦੀ ਕਰਨੀ।
   (ਅ) ਇੱਕ ਅੱਖ ਨਾਲ਼ ਵੇਖਣਾ।
   (ੲ) ਈਦ ਦਾ ਚੰਨ ਹੋਣਾ।
   (ਸ) ਹਰਨ ਹੋ ਜਾਣਾ।
   (ਹ) ਖੰਡ-ਖੀਰ ਹੋਣਾ।

   (ਅ) ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਤਿੰਨ ਨੂੰ ਅਰਥ ਸਪੱਸ਼ਟ ਕਰਦੇ ਹੋਏ ਵਾਕਾਂ 'ਚ ਵਰਤੋ :- 3
   (ੳ) ਸਾਈਆਂ ਕਿਤੇ ਵਧਾਈਆਂ ਕਿਤੇ।
   (ਅ) ਸੌ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ।
   (ੲ) ਕਾਗਜਾਂ ਦੇ ਘੋੜੇ ਕਦੋਂ ਤੱਕ ਦੌੜਨਗੇ।
   (ਸ) ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਬਲਖ ਨਾ ਬੁਖਾਰੇ।
   (ਹ) ਨਾਨੀ ਖ਼ਸਮ ਕਰੇ, ਦੋਹਤਾ ਚੱਟੀ ਭਰੇ।

7. (ੳ) ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :- 2
   ਸਪੇਰਾ, ਜੋਗੀ, ਲਾੜਾ, ਨੱਢਾ।

   (ਅ) ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :- 2
   ਖੁੰਢਾ, ਚੜ੍ਹਦਾ, ਡੋਬੂ, ਬਰੀਕ।

   (ੲ) ਹੇਠ-ਲਿਖੇ ਸ਼ਬਦਾਂ ਦੇ ਬਹੁ-ਵਚਨ ਲਿਖੋ :- 2
   ਬਾਂਦਰ, ਕਿਤਾਬ, ਸਾਈਕਲ, ਕੁਰਸੀ।

   (ਸ) ਹੇਠ ਲਿਖੇ ਵਾਕਾਂ ਵਿੱਚੋਂ ਤਿੰਨ ਦੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :- 3
   1. ਉਹ ਬੱਚਾ ਜਿਸਦੀ ਹਰ ਗੱਲ ਮੰਨੀ ਜਾਏ।
   2. ਇੱਕੋ ਵਾਰੀ ਜੰਮੇ ਦੋ ਬੱਚੇ।
   3. ਜਿਹੜਾ ਸੁਭਾਅ ਵਜੋਂ ਮਸਤ ਮਲੰਗ ਹੋਵੇ।
   4. ਉਹ ਆਦਮੀ ਜਿਹੜੇ ਇੱਕ ਥਾਂ ਨਾ ਟਿਕਣ।

   (ਹ) (i) ਹੇਠ ਲਿਖੇ ਅਗੇਤਰ ਲਾ ਕੇ ਦੋ-ਦੋ ਸ਼ਬਦ ਬਣਾਓ :- 2
   ਅੱਧ, ਲਾ

   (ii) ਹੇਠ ਲਿਖੇ ਪਿਛੇਤਰ ਲਾ ਕੇ ਦੋ-ਦੋ ਸ਼ਬਦ ਬਣਾਓ :- 2
   ਤਾਈ, ੜੀ।

   (ਕ) ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਦੋ ਦੇ ਵੱਖ-ਵੱਖ ਅਰਥ ਦੱਸ ਕੇ ਦੋ ਦੇ ਵਾਕ ਬਣਾਓ :- 2
   ਘੜੀ, ਦਰ, ਟਿੱਕੀ।

8. ਹੇਠ ਲਿਖਿਆਂ ਵਿੱਚੋਂ ਕਿਸੇ ਦੋ ਦੀ ਪਰਿਭਾਸ਼ਾ ਦੱਸਦੇ ਹੋਏ ਲੱਛਣਾਂ ਦਾ ਵਰਣਨ ਕਰੋ :- 4 + 4 = 8
   ਇਕਾਂਗੀ, ਸਫ਼ਰਨਾਮਾ, ਕਹਾਣੀ, ਕਵਿਤਾ।

9. ਹੇਠ ਲਿਖੇ ਵਾਕਾਂ ਦਾ ਅਤੇ ਸ਼ਬਦਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ :- 2
   1. Honesty is the best policy.
   2. Do good have good.
   Know, Truth, Building, Morning 2